ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।

(S.S.S. Board, Punjab)
ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ।

**ਜਨਤਕ ਨੋਟਿਸ**

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵਲੋਂ ਇਸ਼ਤਿਹਾਰ ਨੰ: 04 ਆਫ 2016 ਰਾਹੀਂ ਜੂਨੀਅਰ ਸਕੇਲ ਸਟੈਨੋਗ੍ਰਾਫਰ ਦੀਆਂ 9 ਅਸਾਮੀਆਂ ਲਈ **ਮਿਤੀ 28/02/19 ਨੂੰ ਘੋਸ਼ਿਤ ਕੀਤੇ ਗਏ ਨਤੀਜੇ ਰਾਹੀਂ** ਸਫਲ ਉਮੀਦਵਾਰਾਂ ਨੂੰ ਵਿਭਾਗ ਵੰਡਣ ਸਬੰਧੀ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੇ ਦਫਤਰ ਵਿਖੇ ਮਿਤੀ 25.03.2019 ਨੂੰ ਸਵੇਰੇ 10:00 ਵਜੇ ਕਾਉਸਲਿੰਗ ਰੱਖੀ ਜਾਂਦੀ ਹੈ। ਇਸ ਤੋਂ ਇਲਾਵਾ ਇਹ ਵੀ ਦੱਸਿਆਂ ਜਾਂਦਾ ਹੈ ਕਿ **ਜਿਹੜੇ ਉਮੀਦਵਾਰ ਉਕਤ ਕਾਉਸਲਿੰਗ ਦੀ ਮਿਤੀਆਂ ਨੂੰ ਗੈਰ-ਹਾਜ਼ਰ ਹੋਣਗੇ, ਉਨ੍ਹਾਂ ਉਮੀਦਵਾਰਾਂ ਨੂੰ ਹੋਰ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ ਅਤੇ ਉਸ ਮਿਤੀ ਨੂੰ ਉਨ੍ਹਾਂ ਤੋਂ ਅਗਲੇ ਮੈਰਿਟ ਵਾਲੇ ਉਮੀਦਵਾਰ ਦੀ ਮੰਗ ਅਨੁਸਾਰ ਖਾਲੀ ਰਿਹ ਗਏ ਵਿਭਾਗ/ਅਸਾਮੀ ਆਲਟ ਕਰ ਦਿੱਤੀ ਜਾਵੇਗੀ।** ਬੋਰਡ ਦੇ ਦਫਤਰ ਵਿਖੇ ਉਮੀਦਵਾਰ ਖੁਦ ਸਮੇਂ ਸਿਰ ਹਾਜ਼ਰ ਹੋਣਾ ਯਕੀਨੀ ਬਣਾਉਣ ਅਤੇ ਆਪਣੀ ਪਹਿਚਾਣ ਦਾ ਸਨਾਖਤੀ ਸਬੂਤ (ਆਧਾਰ ਕਾਰਡ, ਵੋਟਰ ਕਾਰਡ, ਡਰਾਇੰਵਗ ਲਾਇਸੰਸ, ਪਾਸਪੋਰਟ ਆਦਿ) ਵਜੋਂ ਅਸਲ ਅਤੇ ਫੋਟੋ ਕਾਪੀ ਨਾਲ ਲਿਆਉਣਾ ਯਕੀਨੀ ਬਣਾਉਣ।

ਇਥੇ ਸਪਸ਼ਟ ਕੀਤਾ ਜਾਂਦਾ ਹੈ ਕਿ ਰਾਖਵੀਂਆਂ ਅਸਾਮੀਆਂ ਦੇ ਵਿਰੁੱਧ ਕੇਵਲ ਰਾਖਵੀਂ ਕੈਟਾਗਰੀ ਦੇ ਉਮੀਦਵਾਰਾਂ ਨੂੰ ਹੀ ਵਿਭਾਗ ਅਲਾਟ ਕਰਨ ਲਈ ਵਿਚਾਰਿਆ ਜਾਵੇਗਾ।ਜਿਨ੍ਹਾਂ ਰਾਖਵੀਆਂ ਸ੍ਰੇਣੀਆਂ ਵਿੱਚ ਕੋਈ ਰਾਖਵਾਂ ਯੋਗ ਉਮੀਦਵਾਰ ਉਪਲੰਬਧ ਨਹੀਂ ਹੋਇਆ, ਉਨ੍ਹਾਂ ਵਿਭਾਗ/ਅਸਾਮੀਆਂ ਵਿਰੁੱਧ ਕੋਈ ਅਲਾਟਮੈਂਟ ਨਹੀਂ ਕੀਤੀ ਜਾਵੇਗੀ। ਸਫਲ ਉਮੀਦਵਾਰਾਂ ਨੂੰ ਉਨ੍ਹਾਂ ਦੀ ਮੰਗ ਅਨੁਸਾਰ ਵਿਭਾਗ ਅਲਾਟ ਕਰਨ ਦੀ ਬੋਰਡ ਵੱਲੋਂ ਜਿੱਥੋ ਤੱਕ ਸੰਭਵ ਹੋਇਆ ਪੂਰੀ ਕੋਸ਼ਿਸ ਕੀਤੀ ਜਾਵੇਗੀ।

ਉਮੀਦਵਾਰਾਂ ਵੱਲੋਂ ਆਪਣੀ ਮੰਗ ਅਨੁਸਾਰ ਲਿਆ ਗਿਆ ਵਿਭਾਗ ਲੈਣ ਉਪਰੰਤ ਕਿਸੇ ਹੋਰ ਵਿਭਾਗ ਵਿੱਚ ਬਦਲਣ ਲਈ ਨਹੀਂ ਵਿਚਾਰਿਆ ਜਾਵੇਗਾ। ਇਸ ਲਈ ਸਫਲ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਆਪਣਾ ਵਿਭਾਗ ਅਲਾਟ ਕਰਵਾਉਣ ਤੋਂ ਪਹਿਲਾ ਹੀ ਵਿਭਾਗ ਵਿਚਾਰ ਕਰਕੇ ਹੀ ਕਾਉਸਲਿੰਗ ਵਿੱਚ ਭਾਗ ਲੈਣ।

ਕਾਉਸਲਿੰਗ ਉਪਰੰਤ ਵਿਭਾਗ ਅਲਾਟ ਕਰਕੇ ਸਬੰਧਤ ਵਿਭਾਗ ਨੂੰ ਸਿਫਾਰਸ਼ਾਂ ਭੇਜਣ ਦਾ ਅੰਤਿਮ ਫੈਸਲਾ ਲੈਣ ਦਾ ਹੱਕ ਬੋਰਡ ਕੋਲ ਰਾਖਵਾ ਹੋਵੇਗਾ।

ਸਹੀ/-
ਸਕੱਤਰ
ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।

ਮਿਤੀ :08.03.2019